# ਪੰਜਾਬ ਸਕੂਲ ਸਿੱਖਿਆ ਬੋਰਡ
## ਨੋਟੀਫਿਕੇਸ਼ਨ

ਨੰ: ਪਸਸਬ-ਅਕਾਦਮਿਕ-2020/2624 ਮਿਤੀ : 06/08/2020

**ਵਿਸ਼ਾ:-** **ਪੰਜਾਬ ਓਪਨ ਸਕੂਲ ਪ੍ਰਣਾਲੀ ਅਧੀਨ ਮਾਰਚ 2020 ਦੀ ਮੈਟ੍ਰਿਕ ਦੀ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀਆਂਨੂੰ ਉਚੇਰੀ ਸ੍ਰੇਣੀ (11ਵੀਂ ਜਾਂ 12ਵੀਂ)ਵਿੱਚ ਆਰਜੀ ਦਾਖਲੇ ਸਬੰਧੀ।**

*****

1) ਪੰਜਾਬ ਓਪਨ ਸਕੂਲ ਪ੍ਰਣਾਲੀ ਅਧੀਨ ਜਿਨ੍ਹਾਂ ਪ੍ਰੀਖਿਆਰਥੀਆਂ ਨੇ ਪਹਿਲੀ ਵਾਰ ਮਾਰਚ-2020 ਵਿੱਚ ਮੈਟ੍ਰਿਕ ਦੀ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਲਈ ਫਾਰਮ ਭਰਿਆ ਹੈ, ਉਹ ਪ੍ਰੀਖਿਆਰਥੀ ਗਿਆਰਵੀਂ ਸ਼੍ਰੇਣੀ ਵਿੱਚ ਆਰਜੀ ਦਾਖਲੇ ਦੇ ਯੋਗ ਹਨ।

ਭਵਿੱਖ ਵਿੱਚ ਜੇਕਰ ਓਪਨ ਸਕੂਲ ਪ੍ਰਣਾਲੀ ਅਧੀਨ ਮੈਟ੍ਰਿਕ 2020 ਦੀ ਪ੍ਰੀਖਿਆ ਲਈ ਜਾਂਦੀ ਹੈ ਜਾਂ ਨਤੀਜਾ ਘੋਸ਼ਿਤ ਕਰਨ ਸੰਬੰਧੀ ਕੋਈ ਨਿਰਣਾ ਲਿਆ ਜਾਂਦਾ ਹੈ ਤਾਂ ਉਸ ਹਾਲਤ ਵਿੱਚ:-

i) ਜਿਹਨਾਂ ਪ੍ਰੀਖਿਆਰਥੀਆਂ ਵੱਲੋਂ ਮੈਟ੍ਰਿਕ ਦੀ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਹਨਾਂ ਪ੍ਰੀਖਿਆਰਥੀਆਂ ਨੂੰ ਗਿਆਰਵੀਂ ਸ਼੍ਰੇਣੀ ਵਿੱਚ ਦਿੱਤੇ ਆਰਜੀ ਦਾਖਲੇ ਨੂੰ ਰੈਗੂਲਰ ਮੰਨਿਆ ਜਾਵੇਗਾ।

ii) ਜਿਹਨਾਂ ਪ੍ਰੀਖਿਆਰਥੀਆਂ ਵੱਲੋਂ ਮੈਟ੍ਰਿਕ ਦੀ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਪਾਸ ਨਾ ਕੀਤੀ ਹੋਵੇ, ਉਹਨਾਂ ਪ੍ਰੀਖਿਆਰਥੀਆਂ ਨੂੰ ਗਿਆਰਵੀਂ ਸ਼੍ਰੇਣੀ ਵਿੱਚ ਦਿੱਤੇ ਆਰਜੀ ਦਾਖਲਾ ਨੂੰ ਰੱਦ ਮੰਨਿਆ ਜਾਵੇਗਾ।

2) ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਜਿਨ੍ਹਾਂ ਪ੍ਰੀਖਿਆਰਥੀਆਂ ਨੇ ਮਾਰਚ 2019 ਦੀ ਮੈਟ੍ਰਿਕ ਸ਼੍ਰੇਣੀ ਦੀ ਬੋਰਡ ਪ੍ਰੀਖਿਆ ਪਹਿਲੀ ਵਾਰ ਪੂਰੇ ਵਿਸ਼ਿਆ ਨਾਲ ਦਿੱਤੀ ਸੀ ਅਤੇ ਮਾਰਚ 2020 ਦੀ ਰੀ-ਅਪੀਅਰ ਪ੍ਰੀਖਿਆ ਲਈ ਫਾਰਮ ਭਰਿਆ ਹੈ, ਉਹ ਪ੍ਰੀਖਿਆਰਥੀ ਬਾਰਵੀਂ ਸ਼੍ਰੇਣੀ ਵਿੱਚ ਆਰਜੀ ਦਾਖਲੇ ਲਈ ਯੋਗ ਹੋਣਗੇ ਬਸ਼ਰਤੇ ਇਹਨਾਂ ਪ੍ਰੀਖਿਆਰਥੀਆਂ ਨੇ ਮਾਰਚ 2020 ਵਿੱਚ ਗਿਆਰਵੀਂ ਸ਼੍ਰੇਣੀ ਦੀ ਪ੍ਰੀਖਿਆ ਦਿੱਤੀ ਹੋਵੇ।

ਭਵਿੱਖ ਵਿੱਚ ਜੇਕਰ ਓਪਨ ਸਕੂਲ ਪ੍ਰਣਾਲੀ ਅਧੀਨ ਮੈਟ੍ਰਿਕ 2020 ਦੀ ਪ੍ਰੀਖਿਆ ਲਈ ਜਾਂਦੀ ਹੈ ਜਾਂ ਨਤੀਜਾ ਘੋਸ਼ਿਤ ਕਰਨ ਸੰਬੰਧੀ ਕੋਈ ਨਿਰਣਾ ਲਿਆ ਜਾਂਦਾ ਹੈ ਤਾਂ ਉਸ ਹਾਲਤ ਵਿੱਚ ਮੈਟ੍ਰਿਕ ਦੀ ਰੀ-ਅਪੀਅਰ ਦੀ ਪ੍ਰੀਖਿਆ ਪਾਸ ਕਰਨ ਦੀ ਸੂਰਤ ਵਿੱਚ:-

i) ਜਿਹਨਾਂ ਪ੍ਰੀਖਿਆਰਥੀਆਂ ਨੇ ਮਾਰਚ 2020 ਦੀ ਗਿਆਰਵੀਂ ਸ਼੍ਰੇਣੀ ਦੀ ਪ੍ਰੀਖਿਆ ਰੈਗੂਲਰ ਤੌਰ ਤੇ ਪਾਸ ਕੀਤੀ ਹੈ ਤਾਂ ਉਹਨਾਂ ਪ੍ਰੀਖਿਆਰਥੀਆਂ ਦੇ ਬਾਰਵੀਂ ਸ਼੍ਰੇਣੀ ਵਿੱਚ ਦਿੱਤੇ ਆਰਜੀ ਦਾਖਲੇ ਨੂੰ ਰੈਗੂਲਰ ਮੰਨਿਆ ਜਾਵੇਗਾ।

ii) ਜਿਹੜੇ ਰੈਗੂਲਰ ਪ੍ਰੀਖਿਆਰਥੀ ਮਾਰਚ 2020 ਦੀ ਗਿਆਰਵੀਂ ਸ੍ਰੇਣੀ ਦੀ ਪ੍ਰੀਖਿਆ ਵਿੱਚ ਫੇਲ ਹੋਣਗੇ ਤਾਂ ਉਹਨਾਂ ਪ੍ਰੀਖਿਆਰਥੀਆਂ ਦਾ ਬਾਰਵੀਂ ਸ੍ਰੇਣੀ ਵਿੱਚ ਦਿੱਤਾ ਆਰਜੀ ਦਾਖਲਾ ਰੱਦ ਮੰਨਿਆ ਜਾਵੇਗਾ ਅਤੇ ਇਹ ਪ੍ਰੀਖਿਆਰਥੀ ਰੈਗੂਲਰ ਗਿਆਰਵੀਂ ਸ੍ਰੇਣੀ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ।

3. ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਉਪਰੰਤ ਜੇਕਰ ਕੋਈ ਤੱਥ/ ਤਰੁੱਟੀ/ਤਕਨੀਕੀ ਨੁਕਤਾ ਦਫਤਰ ਦੇ ਧਿਆਨ ਵਿੱਚ ਆਉਦਾ ਹੈ ਤਾਂ ਦਫਤਰ ਨੂੰ ਉਸ ਅਨੁਸਾਰ ਸੋਧ ਕਰਨ ਦਾ ਪੂਰਾ- ਪੂਰਾ ਅਧਿਕਾਰ ਹੋਵੇਗਾ।

**ਸਕੱਤਰ**
**ਪੰਜਾਬ ਸਕੂਲ ਸਿੱਖਿਆ ਬੋਰਡ**

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ;
2. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ;
3. ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਪੰਜਾਬ;
4. ਡਾਇਰੈਕਟਰ ਸਿੱਖਿਆ ਵਿਭਾਗ(ਸੈਕੰਡਰੀ ਅਤੇ ਸੀਨੀਅਰ ਸੈਕੰਡਰੀ),ਪੰਜਾਬ,ਐਸ. ਏ. ਐਸ. ਨਗਰ;
5. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ;
6. ਸੰਯੁਕਤ ਸਕੱਤਰ (ਜਨਰਲ/ਕੰਟਰੋਲਰ ਪ੍ਰੀਖਿਆਵਾਂ) ;
7. ਡਿਪਟੀ ਕੰਟਰੋਲਰ, ਲੋਕਲ ਆਡਿਟ;
8. ਸਮੂਹ ਸ਼ਾਖਾ ਮੁੱਖੀ,ਖੇਤਰੀ ਦਫਤਰ ਅਤੇ ਆਦਰਸ਼ ਸਕੂਲ;
9. ਸਮੂਹ ਜਿਲ੍ਹਾ ਸਿੱਖਿਆ ਅਫਸਰ, ਪੰਜਾਬ;

6-8-2020
ਉਪ ਸਕੱਤਰ
(ਪੰਜਾਬੀ ਵਿਕਾਸ ਅਤੇ ਅਕਾਦਮਿਕ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।